ਅੱਜ ਰੋਪੜ ਦੇ ਸੀਨੀਅਰ ਪੁਲਿਸ ਕਪਤਾਨ ਸ਼੍ਰੀ ਵਿਵੇਕ ਐਸ. ਸੋਨੀ, ਆਈ.ਪੀ.ਐਸ. ਨੇ ਪ੍ਰੈਸ ਨੂੰ ਸੰਬੋਧਨ ਕਰਦਿਆਂ ਦੱਸਿਆ ਕਿ ਰੂਪਨਗਰ ਪੁਲਿਸ ਆਉਣ ਵਾਲੇ ਤਿਉਹਾਰਾਂ ਦੇ ਸੀਜ਼ਨ ਲਈ ਪੂਰੀ ਤਰ੍ਹਾਂ ਤਿਆਰ ਹੈ। ਜਿਲ੍ਹਾ ਪੁਲਿਸ ਜਿਲ੍ਹਾ ਵਿੱਚ ਸ਼ਾਂਤੀਪੂਰਨ ਮਾਹੌਲ ਅਤੇ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਵਚਨਬੱਧ ਹੈ। ਇਸ ਮੰਤਵ ਲਈ, ਜਿਆਦਾ ਭੀੜ-ਭਾੜ ਵਾਲੇ ਸਥਾਨਾਂ ਜਿਵੇਂ ਕਿ ਪਾਰਕਾਂ, ਮੈਦਾਨਾਂ, ਬਜ਼ਾਰਾਂ, ਬੱਸ ਸਟੈਂਡਾ, ਰੇਲਵੇ ਸਟੇਸ਼ਨਾਂ ਆਦਿ ਦੀ ਰੋਜ਼ਾਨਾ ਚੈਕਿੰਗ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ, ਹੋਟਲਾਂ, ਸਰਾਏ ਆਦਿ ਦੀ ਵੀ ਚੈਕਿੰਗ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਨੂੰ ਹੋਟਲਾ ਆਦਿ ਵਿੱਚ ਆਉਣ ਸਾਰੇ ਵਿਅਕਤੀਆਂ ਦਾ ਸਹੀ ਰਿਕਾਰਡ ਰੱਖਣ ਲਈ ਕਿਹਾ ਜਾ ਰਿਹਾ ਹੈ।

ਜਨਤਕ ਥਾਵਾਂ ਦੀ ਐਂਟੀ ਸਾਬੋਟੇਜ ਚੈਕਿੰਗ ਵੀ ਕੀਤੀ ਜਾ ਰਹੀ ਹੈ। ਨਾਈਟ ਡੋਮੀਨੇਸ਼ਨ ਅਤੇ ਪੈਟਰੋਲਿੰਗ ਪਾਰਟੀਆਂ ਵੀ ਬਣਾਈਆਂ ਗਈਆਂ ਹਨ ਅਤੇ ਸਮੁੱਚੀ ਸੁਰੱਖਿਆ ਯੋਜਨਾ ਦੀ ਨਿਗਰਾਨੀ ਜਿਲ੍ਹਾਂ ਦੇ ਸਾਰੇ ਐਸ.ਐਚ.ਓਜ਼. ਅਤੇ ਗਜਟਿਡ ਅਫਸਰਾਨ ਦੁਆਰਾ ਕੀਤੀ ਜਾ ਰਹੀ ਹੈ।

ਅਸੀਂ ਜਿਲਾ ਰੂਪਨਗਰ ਦੇ ਵਸਨੀਕਾਂ ਨੂੰ ਅਪੀਲ ਕਰਦੇ ਹਾਂ ਕਿ ਕਿਸੇ ਵੀ ਸ਼ੱਕੀ ਸਮੱਗਰੀ ਖਾਸ ਕਰਕੇ ਕਿਸੇ ਵੀ ਲਾਵਾਰਿਸ ਬੈਗ ਜਾਂ ਟਿਫਿਨ ਬਾਕਸ ਨਾਲ ਜੁੜੀ ਕੋਈ ਵੀ ਜਾਣਕਾਰੀ ਸਾਂਝੀ ਕਰੋ ਜਿਵੇਂ ਕਿ ਕੁਝ ਸ਼ਹਿਰਾਂ ਵਿੱਚ ਹਾਲ ਹੀ ਵਿੱਚ ਬਰਾਮਦ ਕੀਤੇ ਗਏ ਹਨ। ਰੂਪਨਗਰ ਪੁਲਿਸ ਨੇ ਫਿਰ ਜਿਲ੍ਹਾਂ ਦੇ ਨਾਗਰਿਕਾਂ ਨੂੰ ਅਪੀਲ ਕਰਦੀ ਹੈ ਕਿ ਉਹ ਆਉਣ ਵਾਲੇ ਤਿਉਹਾਰਾਂ ਦੇ ਸਮੇਂ ਦੋਰਾਨ ਕਿਸੇ ਤਰਾਂ ਘਬਰਾਹਟ ਨਾ ਰੱਖਣ ਅਤੇ ਜਿਲ੍ਹਾ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਜਿਲ੍ਹਾਂ ਪੁਲਿਸ ਦਾ ਸਾਥ ਦੇਣ।

Police Control Room : 9779064100<br>7743011701